ਜਾਦੂ ਟੂਣੇ ਦੀ ਕਾਟ 1-604-961-6635
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
Sher Atta $14.99 20LB 905-678-0300
ਬੈੱਡ ਬਗਜ਼ (ਖਟਮਲ) ਖ਼ਤਮ 647-688-3944
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489

ਅੱਠ ਦਿਨਾਂ 'ਚ ਸ਼ਿਰਡੀ 'ਚ ਚੜ੍ਹਿਆ 23 ਕਰੋੜ ਤੋਂ ਵੱਧ ਦਾ ਚੜ੍ਹਾਵਾ

ਸ਼ਿਰਡੀ: ਨਵੇਂ ਸਾਲ ਮੌਕੇ ਵਿਸ਼ਵ ਪ੍ਰਸਿੱਧ ਸਾਈਂ ਬਾਬਾ ਮੰਦਰ ਸ਼ਿਰਡੀ 'ਚ ਸ਼ਰਧਾਲੂਆਂ ਨੇ ਦਾਨ ਦੇ ਸਾਰੇ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ। ਨਵੇਂ ਸਾਲ ਦੀਆਂ ਛੁੱਟੀਆਂ ਦੌਰਾਨ ਸਾਈਂ ਨਗਰੀ 'ਚ ਸ਼ਰਧਾਲੂਆਂ ਦੀ ਭਾਰੀ ਭੀੜ ਉਮੜੀ ਅਤੇ ਸਿਰਫ਼ ਅੱਠ ਦਿਨਾਂ ਦੇ ਅੰਦਰ ਮੰਦਰ ਨੂੰ ਕੁੱਲ 23 ਕਰੋੜ 29 ਲੱਖ 23 ਹਜ਼ਾਰ 373 ਰੁਪਏ ਦਾ ਚੜ੍ਹਾਵਾ ਪ੍ਰਾਪਤ ਹੋਇਆ। ਇਸ ਸਮੇਂ ਦੌਰਾਨ ਅੱਠ ਲੱਖ ਤੋਂ ਵੱਧ ਸ਼ਰਧਾਲੂਆਂ ਨੇ ਸਾਈਂ ਬਾਬਾ ਦੇ ਦਰਸ਼ਨ ਕਰ ਕੇ ਆਪਣੀ ਸ਼ਰਧਾ ਪ੍ਰਗਟਾਈ। **ਕਿਵੇਂ ਪ੍ਰਾਪਤ ਹੋਈ ਇੰਨੀ ਵੱਡੀ ਰਾਸ਼ੀ?** ਸਾਈਂ ਬਾਬਾ ਸੰਸਥਾਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਗੋਰਕਸ਼ ਗਾਡੀਲਕਰ ਨੇ ਦੱਸਿਆ ਕਿ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ 'ਚ ਸ਼ਰਧਾਲੂ ਸ਼ਿਰਡੀ ਪਹੁੰਚੇ। ਪ੍ਰਾਪਤ ਹੋਏ ਚੜ੍ਹਾਵੇ ਦਾ ਵੇਰਵਾ ਇੰਝ ਹੈ: ਡੈਬਿਟ-ਕ੍ਰੈਡਿਟ ਕਾਰਡਾਂ, ਚੈੱਕਸ ਅਤੇ ਔਨਲਾਈਨ ਮਾਧਿਅਮਾਂ ਰਾਹੀਂ ਸਭ ਤੋਂ ਵੱਧ 10.18 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ। ਮੰਦਰ 'ਚ ਰੱਖੀਆਂ ਗੋਲਕਾਂ (ਦਕਸ਼ਿਣਾ ਪੇਟੀ) 'ਚੋਂ 6.02 ਕਰੋੜ ਰੁਪਏ ਮਿਲੇ। ਮੰਦਰ ਦੇ ਦਾਨ ਕਾਊਂਟਰਾਂ 'ਤੇ ਸ਼ਰਧਾਲੂਆਂ ਨੇ 3.22 ਕਰੋੜ ਰੁਪਏ ਨਕਦ ਜਮ੍ਹਾਂ ਕਰਵਾਏ। ਦਰਸ਼ਨਾਂ ਲਈ VIP ਪਾਸਾਂ ਰਾਹੀਂ 2.42 ਕਰੋੜ ਰੁਪਏ ਦੀ ਆਮਦਨ ਹੋਈ। **ਹੀਰੇ ਦਾ ਮੁਕਟ ਅਤੇ ਵਿਦੇਸ਼ੀ ਮੁਦਰਾ:** ਇਸ ਵਾਰ ਚੜ੍ਹਾਵੇ 'ਚ ਬੇਸ਼ਕੀਮਤੀ ਵਸਤੂਆਂ ਵੀ ਭਾਰੀ ਮਾਤਰਾ 'ਚ ਸ਼ਾਮਿਲ ਸਨ। ਇੱਕ ਸ਼ਰਧਾਲੂ ਨੇ 80 ਲੱਖ ਰੁਪਏ ਦੀ ਕੀਮਤ ਦਾ ਸੋਨੇ ਦਾ ਜੜਿਆ ਹੋਇਆ ਹੀਰੇ ਦਾ ਮੁਕੁਟ ਬਾਬਾ ਦੇ ਚਰਨਾਂ 'ਚ ਭੇਂਟ ਕੀਤਾ। ਇਸ ਤੋਂ ਇਲਾਵਾ ਲਗਭਗ 293 ਗ੍ਰਾਮ ਸੋਨਾ (ਕੀਮਤ 36.38 ਲੱਖ) ਅਤੇ ਲਗਭਗ 6 ਕਿਲੋ ਚਾਂਦੀ (ਕੀਮਤ 9.49 ਲੱਖ) ਵੀ ਚੜ੍ਹਾਈ ਗਈ। ਦਾਨ 'ਚ 26 ਦੇਸ਼ਾਂ ਦੀ ਵਿਦੇਸ਼ੀ ਮੁਦਰਾ ਵੀ ਸ਼ਾਮਿਲ ਸੀ ਜਿਸ ਦੀ ਕੀਮਤ ਲਗਭਗ 16.83 ਲੱਖ ਰੁਪਏ ਦੱਸੀ ਗਈ ਹੈ।

ਸਾਈਂ ਟਰੱਸਟ ਦੀ ਅਥਾਹ ਸੰਪਤੀ: ਸੂਤਰਾਂ ਅਨੁਸਾਰ, ਸਾਈਂ ਬਾਬਾ ਟਰੱਸਟ ਕੋਲ ਮੌਜੂਦ ਕੁੱਲ ਸੰਪਤੀ ਦਾ ਅੰਕੜਾ ਵੀ ਹੈਰਾਨ ਕਰਨ ਵਾਲਾ ਹੈ। ਵਰਤਮਾਨ 'ਚ ਟਰੱਸਟ ਕੋਲ 540 ਕਿੱਲੋ ਸੋਨਾ ਅਤੇ ਸੱਤ ਹਜ਼ਾਰ ਕਿੱਲੋ ਚਾਂਦੀ ਮੌਜੂਦ ਹੈ। 10 ਕਰੋੜ ਰੁਪਏ ਦੀ ਕੀਮਤ ਦੇ ਹੀਰੇ ਹਨ, ਅਤੇ ਵੱਖ-ਵੱਖ ਬੈਂਕਾਂ 'ਚ ਉਸ ਕੋਲ 3,400 ਕਰੋੜ ਰੁਪਏ ਦਾ ਵੱਡਾ ਨਿਵੇਸ਼ ਕੀਤਾ ਗਿਆ ਹੈ।

ਜਾਦੂ ਟੂਣੇ ਦੀ ਕਾਟ 1-604-961-6635
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700
ਵਕੀਲ ਦੀ ਲੋੜ? 905-362-0755

ਅਮੀਰਾਂ ਦੀ ਸੂਚੀ 'ਚ ਮਿਖਰ 'ਤੇ ਮਸਕ

ਮੁੰਬਈ: ਈਲੌਨ ਮਸਕ 2026 'ਚ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਹੋਏ ਹਨ। ਬਲੂਮਬਰਗ ਬਿਲੀਅਨੇਅਰਜ਼ ਇੰਡੈਕਸ ਅਨੁਸਾਰ ਮਸਕ ਦੀ ਕੁੱਲ ਜਾਇਦਾਦ 644 ਬਿਲੀਅਨ ਡਾਲਰਾਂ ਦੀ ਹੋ ਗਈ ਹੈ। ਹਾਲੀਆ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਉਸ ਦੀ ਦੌਲਤ 'ਚ 32.5 ਬਿਲੀਅਨ ਡਾਲਰਾਂ ਦਾ ਮਹੱਤਵਪੂਰਣ ਵਾਧਾ ਹੋਇਆ ਹੈ ਜਿਸ ਨਾਲ ਉਸ ਦੀ ਚੋਟੀ ਦੀ ਸਥਿਤੀ ਹੋਰ ਮਜ਼ਬੂਤ ਹੋਈ ਹੈ।

ਦੂਜੇ ਸਥਾਨ 'ਤੇ ਰਹਿਣ ਵਾਲੇ ਲੈਰੀ ਪੇਜ ਦੀ ਕੁੱਲ ਜਾਇਦਾਦ 272 ਅਰਬ ਡਾਲਰਜ਼ ਹੈ ਜਿਨ੍ਹਾਂ ਦੀ ਨੈੱਟਵਰਥ 'ਚ 1.40 ਅਰਬ ਡਾਲਰਾਂ ਦਾ ਵਾਧਾ ਹੋਇਆ ਹੈ। ਜੈੱਫ਼ ਬੇਜ਼ੋਸ ਤੀਜੇ ਸਥਾਨ 'ਤੇ ਹਨ।

ਐਮੇਜ਼ੋਨ ਦੇ ਸੰਸਥਾਪਕ ਦੀ ਕੁੱਲ ਜਾਇਦਾਦ 255 ਬਿਲੀਅਨ ਡਾਲਰਾਂ ਦੀ ਹੈ ਅਤੇ ਹਾਲ ਹੀ 'ਚ ਉਨ੍ਹਾਂ ਨੇ 5.89 ਅਰਬ ਡਾਲਰਜ਼ ਦਾ ਫ਼ਾਇਦਾ ਹੋਇਆ ਹੈ। ਸਰਗੇਈ ਬ੍ਰਿਨ 253 ਅਰਬ ਡਾਲਰਜ਼ ਦੀ ਕੁੱਲ ਜਾਇਦਾਦ ਦੇ ਨਾਲ ਚੌਥੇ ਸਥਾਨ 'ਤੇ ਹਨ ਜਦੋਂ ਕਿ ਲੈਰੀ ਐਲੀਸਨ 245 ਅਰਬ ਡਾਲਰਾਂ ਦੀ ਕੁੱਲ ਜਾਇਦਾਦ ਦੇ ਨਾਲ ਪੰਜਵੇਂ ਸਥਾਨ 'ਤੇ ਹਨ।

ਮਾਰਕ ਜ਼ਕਰਬਰਗ 233 ਅਰਬ ਡਾਲਰਜ਼ ਦੀ ਕੁੱਲ ਜਾਇਦਾਦ ਦੇ ਨਾਲ ਛੇਵੇਂ ਸਥਾਨ 'ਤੇ ਹਨ। ਉਸ ਦੀ ਦੌਲਤ 'ਚ 2.90 ਅਰਬ ਡਾਲਰਾਂ ਦਾ ਵਾਧਾ ਹੋਇਆ ਹੈ। ਬਰਨਾਰਡ ਅਰਨੌਲਟ 207 ਬਿਲੀਅਨ ਡਾਲਰਜ਼ ਦੀ ਕੁੱਲ ਜਾਇਦਾਦ ਦੇ ਨਾਲ ਸਤਵੇਂ ਸਥਾਨ 'ਤੇ ਹੈ। ਅੱਠਵੇਂ ਸਥਾਨ 'ਤੇ ਸਟੀਵ ਬਾਲਮਰ (165 ਅਰਬ ਡਾਲਰਜ਼), ਨੌਵੇਂ ਸਥਾਨ 'ਤੇ ਜੇਨਸਨ ਹੁਆਂਗ (156 ਅਰਬ ਡਾਲਰਜ਼) ਅਤੇ ਦਸਵੇਂ ਸਥਾਨ 'ਤੇ ਵਾਰਨ ਬਫ਼ੇਟ (150 ਅਰਬ ਡਾਲਰਜ਼) ਹਨ।

ਭਾਰਤ ਅਤੇ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ ਬਲੂਮਬਰਗ ਸੂਚਕਾਂਕ 'ਚ 18ਵੇਂ ਸਥਾਨ 'ਤੇ ਹਨ। ਉਸ ਦੀ ਕੁੱਲ ਦੌਲਤ ਦਾ ਅਨੁਮਾਨ 108 ਅਰਬ ਡਾਲਰਾਂ ਦੀ ਹੈ, ਪਰ ਤਾਜ਼ਾ ਬਦਲਾਅ 'ਚ ਉਸ ਦੀ ਕੁੱਲ ਜਾਇਦਾਦ 1.04 ਅਰਬ ਡਾਲਰ ਘੱਟ ਗਈ ਹੈ।

ਗੌਤਮ ਅਡਾਨੀ ਸੂਚੀ 'ਚ 20ਵੇਂ ਸਥਾਨ 'ਤੇ ਹਨ। ਉਸ ਦੀ ਕੁੱਲ ਦੌਲਤ 85.7 ਬਿਲੀਅਨ ਡਾਲਰ ਹੈ ਅਤੇ ਤਾਜ਼ਾ ਅੰਕੜਿਆਂ ਅਨੁਸਾਰ ਉਸ ਨੇ 607 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ।

Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
Security Cameras CCTV Live Monitoring 647-863-9232
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644
ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
12 Beds, 7 Baths For 24 Guests 905-965-4644
GREEN PEPPER $1.49 LB 905-678-0300
ਦੰਦਾਂ ਦੀ ਦੇਖਭਾਲ 905-450-5600
ਵਕੀਲ ਦੀ ਲੋੜ? 905-362-0755
ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
ਲੀਗਲ ਸੇਵਾਵਾਂ 905-913-2355

Greenland 'ਤੇ ਕਿਉਂ ਕਬਜ਼ਾ ਕਰਨਾ ਚਾਹੁੰਦੈ Trump

ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੀ ਪ੍ਰਸ਼ਾਸਨ ਵਲੋਂ ਦੁਨੀਆਂ ਦੇ ਸਭ ਤੋਂ ਵੱਡੇ ਟਾਪੂ **Greenland** ਨੂੰ ਖ਼ਰੀਦਣ ਜਾਂ ਫ਼ੌਜੀ ਤਾਕਤ ਰਾਹੀਂ ਆਪਣੇ ਕਬਜ਼ੇ 'ਚ ਲੈਣ ਦੀਆਂ ਕੋਸ਼ਿਸ਼ਾਂ ਨੇ ਵਿਸ਼ਵ ਰਾਜਨੀਤੀ 'ਚ ਹਲਚਲ ਮਚਾ ਦਿੱਤੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਕਦਮ ਟਰੰਪ ਦੇ ਅਮੈਰੀਕਾ ਫ਼ਸਟ (**America First**) ਏਜੰਡੇ ਦਾ ਹਿੱਸਾ ਹੈ ਜਿਸ ਰਾਹੀਂ ਉਹ ਪੱਛਮੀ ਗੋਲਿਸਫ਼ਾਇਰ (**Western Hemisphere**) 'ਚ ਅਮਰੀਕੀ ਦਬਦਬਾ ਮਜ਼ਬੂਤ ਕਰਨਾ ਚਾਹੁੰਦੇ ਹੈ। ਅਮਰੀਕਾ ਦੇ ਇਸ ਫ਼ੈਸਲੇ ਪਿੱਛੇ ਕਈ ਅਹਿਮ ਰਣਨੀਤਕ ਅਤੇ ਆਰਥਿਕ ਕਾਰਨ ਹਨ।

ਗ੍ਰੀਨਲੈਂਡ ਦੀ ਆਬਾਦੀ ਸਿਰਫ਼ 57,000: **Greenland**, ਜਿਸ ਦੀ ਆਬਾਦੀ ਲਗਭਗ 57,000 ਹੈ, ਵਿਸ਼ਵ ਵਪਾਰ ਅਤੇ ਸੁਰੱਖਿਆ ਲਈ ਦੁਨੀਆਂ ਦੇ ਸਭ ਤੋਂ ਰਣਨੀਤਕ ਤੌਰ 'ਤੇ ਮਹੱਤਵਪੂਰਣ ਖੇਤਰਾਂ 'ਚੋਂ ਇੱਕ ਹੈ। ਇਸ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਟਾਪੂ ਵਜੋਂ ਦਰਸਾਇਆ ਗਿਆ ਹੈ ਜੋ ਕਿ ਇੱਕ ਮਹਾਂਦੀਪ ਨਹੀਂ, ਇਹ ਅਟਲੈਂਟਿਕ ਅਤੇ ਆਰਕਟਿਕ ਮਹਾਂਸਾਗਰਾਂ ਦੇ ਵਿਚਕਾਰ ਸਥਿਤ ਹੈ ਅਤੇ 1.7 ਮਿਲੀਅਨ ਵਰਗ ਕਿਲੋਮੀਟਰ ਦੀ ਬਰਫ਼ ਦੀ ਚਾਦਰ ਇਸ ਦੇ ਖੇਤਰ ਦੇ ਲਗਭਗ 80 ਫ਼ੀਸਦੀ ਨੂੰ ਕਵਰ ਕਰਦੀ ਹੈ। ਸਿਡਨੀ ਯੂਨੀਵਰਸਿਟੀ ਦੇ ਸਟੂਅਰਟ ਰੋਲੋ, ਜਿਨ੍ਹਾਂ ਦੀ ਖੋਜ ਅਮਰੀਕਾ-ਚੀਨ ਸਬੰਧਾਂ ਅਤੇ ਸਾਮਰਾਜੀ ਇਤਿਹਾਸ 'ਤੇ ਕੇਂਦ੍ਰਿਤ ਹੈ, ਨੇ ਕਿਹਾ ਕਿ ਇਸ ਖੇਤਰ ਦੀ ਮਹੱਤਤਾ ਕੁੱਝ ਹੱਦ ਤਕ ਬਰਫ਼ ਪਿਘਲਣ ਦੇ ਨਤੀਜੇ ਵਜੋਂ ਵਧੀ ਹੈ ਜਿਸ ਨਾਲ ਯੌਰਪ, ਰੂਸ ਅਤੇ ਉੱਤਰੀ ਅਮਰੀਕਾ ਵਿਚਕਾਰ ਆਰਕਟਿਕ ਪਾਣੀਆਂ 'ਚੋਂ ਯਾਤਰਾ ਕਰਨਾ ਆਸਾਨ ਹੋ ਗਿਆ ਹੈ।

ਭੂਗੋਲਿਕ ਤੇ ਫ਼ੌਜੀ ਮਹੱਤਤਾ: **Greenland** ਦੀ ਸਥਿਤੀ ਅਟਲੈਂਟਿਕ ਅਤੇ ਆਰਕਟਿਕ ਮਹਾਂਸਾਗਰਾਂ ਦੇ ਵਿਚਕਾਰ ਹੈ ਜੋ ਇਸ ਨੂੰ ਵਿਸ਼ਵ ਵਪਾਰ ਅਤੇ ਸੁਰੱਖਿਆ ਲਈ ਬਹੁਤ ਮਹੱਤਵਪੂਰਣ ਬਣਾਉਂਦੀ ਹੈ।



ਜਲਵਾਯੂ ਪਰਿਵਰਤਨ ਕਾਰਨ ਬਰਫ਼ ਪਿਘਲਣ ਨਾਲ ਆਰਕਟਿਕ ਖੇਤਰ 'ਚ ਨਵੇਂ ਵਪਾਰਕ ਰਸਤੇ ਖੁੱਲ੍ਹ ਰਹੇ ਹਨ ਜਿਸ ਨਾਲ ਯੌਰਪ, ਰੂਸ ਤੇ ਉੱਤਰੀ ਅਮਰੀਕਾ ਵਿਚਕਾਰ ਸਫ਼ਰ ਸੌਖਾ ਹੋ ਜਾਵੇਗਾ। ਅਮਰੀਕਾ ਚਾਹੁੰਦਾ ਹੈ ਕਿ ਇਨ੍ਹਾਂ ਰਸਤਿਆਂ 'ਤੇ ਉਸ ਦਾ ਕੰਟਰੋਲ ਹੋਵੇ ਤਾਂ ਜੋ ਰੂਸ ਅਤੇ ਚੀਨ ਵਰਗੇ ਵਿਰੋਧੀਆਂ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ **Greenland** 'ਚ ਅਮਰੀਕਾ ਦਾ ਪਹਿਲਾਂ ਹੀ ਪਿਟੂਫ਼ਿਕ ਸਪੇਸ ਬੇਸ (**Pituffik Space Base**) ਮੌਜੂਦ ਹੈ ਜੋ ਰੂਸੀ ਗਤੀਵਿਧੀਆਂ 'ਤੇ ਨਜ਼ਰ ਰੱਖਣ ਅਤੇ ਮਿਜ਼ਾਈਲ ਰੱਖਿਆ ਪ੍ਰਣਾਲੀ ਲਈ ਵਰਤਿਆ ਜਾਂਦਾ ਹੈ।

ਕੁਦਰਤੀ ਖ਼ਜ਼ਾਨਾ ਅਤੇ ਚੀਨ ਨੂੰ ਚੁਣੌਤੀ: **Greenland** 'ਚ **Rare Earths** (17 ਦੁਰਲੱਭ ਖਣਿਜਾਂ) ਦੇ ਵਿਸ਼ਾਲ ਭੰਡਾਰ ਹੋਣ ਦਾ ਅੰਦਾਜ਼ਾ ਹੈ। ਇਹ ਉਹ ਖਣਿਜ ਹਨ ਜਿਨ੍ਹਾਂ ਦੀ ਵਰਤੋਂ ਸਮਾਰਟਫ਼ੋਨਾਂ ਤੋਂ ਲੈ ਕੇ ਆਧੁਨਿਕ ਮਿਜ਼ਾਈਲ ਪ੍ਰਣਾਲੀਆਂ ਬਣਾਉਣ 'ਚ ਕੀਤੀ ਜਾਂਦੀ ਹੈ। ਮੌਜੂਦਾ ਸਮੇਂ 'ਚ ਦੁਨੀਆਂ ਦੇ 70 ਫ਼ੀਸਦੀ ਰੇਅਰ ਅਰਥ ਖਣਿਜਾਂ 'ਤੇ ਚੀਨ ਦਾ ਕਬਜ਼ਾ ਹੈ। ਅਮਰੀਕਾ **Greenland** ਦੇ ਲਗਭਗ 1.5 ਮਿਲੀਅਨ ਮੈਟ੍ਰਿਕ ਟਨ ਦੇ ਸੰਭਾਵਿਤ ਭੰਡਾਰਾਂ ਰਾਹੀਂ ਚੀਨ ਦੀ ਇਸ ਇਜਾਰੇਦਾਰੀ ਨੂੰ ਖ਼ਤਮ ਕਰਨਾ ਚਾਹੁੰਦਾ ਹੈ।

ਮੋਨਰੋ ਸਿਧਾਂਤ ਦਾ ਮੁੜ ਉਭਾਰ: ਅਮਰੀਕੀ ਰਾਸ਼ਟਰੀ ਸੁਰੱਖਿਆ ਰਣਨੀਤੀ ਹੁਣ 200 ਸਾਲ ਪੁਰਾਣੇ ਮੋਨਰੋ ਸਿਧਾਂਤ (**Monroe Doctrine**) 'ਤੇ ਜ਼ੋਰ ਦੇ ਰਹੀ ਹੈ ਜਿਸ ਦਾ ਉਦੇਸ਼ ਪੱਛਮੀ ਖੇਤਰ 'ਚ ਗ਼ੈਰ-ਖੇਤਰੀ ਸ਼ਕਤੀਆਂ (ਜਿਵੇਂ ਚੀਨ ਅਤੇ ਰੂਸ) ਦੇ ਪ੍ਰਭਾਵ ਨੂੰ ਰੋਕਣਾ ਹੈ। ਅਮਰੀਕਾ ਨਹੀਂ ਚਾਹੁੰਦਾ ਕਿ ਉਸ ਦੇ ਆਪਣੇ ਇਲਾਕੇ ਦੇ ਨੇੜੇ ਚੀਨ ਕਿਸੇ ਵੀ ਕਿਸਮ ਦਾ ਨਿਵੇਸ਼ ਜਾਂ ਫ਼ੌਜੀ ਅੱਡੇ ਸਥਾਪਿਤ ਕਰੇ।

ਡੈਨਮਾਰਕ ਅਤੇ NATO ਦੀ ਪ੍ਰਤੀਕਿਰਿਆ: ਡੈਨਮਾਰਕ ਦੀ ਪ੍ਰਧਾਨ ਮੰਤਰੀ ਮੈਟੇ ਫ਼ਰੈਡਰਿਕਸਨ ਨੇ ਅਮਰੀਕਾ ਦੇ ਇਨ੍ਹਾਂ ਇਰਾਦਿਆਂ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਸ ਨੇ ਚਿਤਾਵਨੀ ਦਿੱਤੀ ਹੈ ਕਿ **Greenland** 'ਤੇ ਕਿਸੇ ਵੀ ਤਰ੍ਹਾਂ ਦਾ ਫ਼ੌਜੀ ਹਮਲਾ ਜਾਂ ਜ਼ਬਰਦਸਤੀ ਕਬਜ਼ਾ ਦਹਾਕਿਆਂ ਪੁਰਾਣੇ **NATO** ਗਠਜੋੜ ਨੂੰ ਖ਼ਤਮ ਕਰ ਦੇਵੇਗਾ। ਯੌਰਪੀਅਨ ਨੇਤਾਵਾਂ ਨੇ ਸਪੱਸ਼ਟ ਕੀਤਾ ਹੈ ਕਿ **Greenland** ਉੱਥੋਂ ਦੇ ਲੋਕਾਂ ਦਾ ਹੈ, ਅਤੇ ਇਸ ਬਾਰੇ ਫ਼ੈਸਲਾ ਸਿਰਫ਼ ਡੈਨਮਾਰਕ ਅਤੇ **Greenland** ਹੀ ਲੈ ਸਕਦੇ ਹਨ।

Loans Loans Loans

• Personal or Business Loan
• Home Equity Line of Credit
• Personal Line of Credit
• ਪੜ੍ਹਾਈ ਲਈ OSAP Loan
• Bad Credit ਠੀਕ ਕਰਾਉਣ
ਬਾਰੇ ਮੁਫ਼ਤ ਸਲਾਹ ਲਈ ਫ਼ੋਨ ਕਰੋ
Call SunnyB
905-965-4644

ਸਪਤਾਹਿਕ ਰਾਸ਼ੀ ਫਲ

ਮੇਖ (21 ਮਾਰਚ ਤੋਂ 20 ਅਪ੍ਰੈਲ)
ਪਰਿਵਾਰ ਵਿੱਚ ਮਾਤਾ ਜੀ ਦੇ ਨਾਲ ਕਿਸੇ ਗਲ ਤੋਂ ਟਕਰਾਓ ਹੋਣ ਦਾ ਯੋਗ ਹੈ ਤੁਸੀਂ ਇਸ ਟਕਰਾਓ ਨੂੰ ਟਾਲ ਸਕਦੇ ਹੋ, ਲੋੜ ਹੈ ਮਾਤਾ ਜੀ ਦੀ ਗੱਲ ਸੁਣਨ ਦੀ। ਪਤਨੀ ਵਾਲੇ ਪਾਸੇ ਤੋਂ ਕੋਈ ਖੁਸ਼ੀ ਮਿਲ ਸਕਦੀ ਹੈ। ਬੱਚਿਆਂ ਦੇ ਦਾਖਲੇ ਨੂੰ ਲੈ ਕੇ ਪ੍ਰੇਸ਼ਾਨ ਰਹਿ ਸਕਦੇ ਹੋ ਪਰ ਇਹ ਪ੍ਰੇਸ਼ਾਨੀ ਵੀ ਦੂਰ ਹੋ ਜਾਵੇਗੀ। ਘਰ ਵਿੱਚ ਧਾਰਮਿਕ ਪ੍ਰੋਗਰਾਮ ਹੋਣ ਦਾ ਯੋਗ ਬਣ ਰਿਹਾ ਹੈ।

ਸਿੰਘ (23 ਜੁਲਾਈ ਤੋਂ 23 ਅਗਸਤ)
ਜ਼ਿਆਦਾ ਗੁੱਸੇ ਨਾਲ ਤੁਸੀਂ ਆਪਣੀ ਸਿਹਤ ਤੇ ਕੰਮ ਦਾ ਹੀ ਨੁਕਸਾਨ ਕਰ ਰਹੇ ਹੋ। ਹਰ ਚੀਜ਼ ਵਿੱਚ ਅਤਿ ਮਾੜੀ ਹੁੰਦੀ ਹੈ। ਇਹ ਜ਼ਰੂਰੀ ਨਹੀਂ ਕਿ ਹਰ ਗੱਲ ਵਿੱਚ ਤੁਹਾਡਾ ਹੀ ਨਜ਼ਰੀਆ ਠੀਕ ਹੋਵੇ, ਕਈ ਵਾਰ ਦੂਜੇ ਵੱਲੋਂ ਦਿੱਤੀ ਸਲਾਹ ਵੀ ਚੰਗੀ ਹੁੰਦੀ ਹੈ। ਅੱਗੇ ਹੀ ਇਸ ਗੁੱਸੇ ਨੇ ਕਈ ਆਪਣਿਆਂ ਨੂੰ ਤੁਹਾਡੇ ਤੋਂ ਦੂਰ ਕਰ ਦਿੱਤਾ ਹੈ।

ਧਨ (23 ਨਵੰਬਰ ਤੋਂ 23 ਦਸੰਬਰ)
ਤੁਹਾਡੇ ਵਾਸਤੇ ਇਹ ਹਫ਼ਤਾ ਮਿਲਿਆ ਜੁਲਿਆ ਰਹੇਗਾ, ਤੁਸੀ ਆਪਣੀਆਂ ਗੱਲਾਂ ਦੇ ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰੋਗੇ ਅਤੇ ਵਿਰੋਧੀ ਤੁਹਾਡੇ ਅੱਗੇ ਟਿੱਕ ਨਹੀਂ ਸਕਣਗੇ। ਸਰੀਰ ਵਿੱਚ ਕਿਸੇ ਥਾਂ 'ਤੇ ਦਰਦ ਰਹਿ ਸਕਦੀ ਹੈ। ਛੋਟੇ ਭਰਾ ਨਾਲ ਕਿਸੇ ਗੱਲ 'ਤੇ ਟਕਰਾਓ ਹੋ ਸਕਦਾ ਹੈ, ਪਰ ਇਹ ਜਲਦੀ ਹੀ ਖ਼ਤਮ ਹੋ ਜਾਵੇਗਾ। ਹਮੇਸ਼ਾ ਕੰਮ ਵਿੱਚ ਹੀ ਨਾ ਮਗਨ ਰਹੋ।

ਬ੍ਰਿਖ (21 ਅਪ੍ਰੈਲ ਤੋਂ 21 ਮਈ)
ਜਿਨ੍ਹਾਂ ਦੇ ਵਿਆਹ ਦੀ ਗੱਲ ਬਹੁਤ ਦੇਰ ਤੋਂ ਸਿਰੇ ਨਹੀਂ ਚੜ੍ਹ ਰਹੀ ਸੀ, ਉਨ੍ਹਾਂ ਵਾਸਤੇ ਇਹ ਹਫ਼ਤਾ ਬੜੀ ਚੰਗੀ ਖ਼ਬਰ ਲੈ ਕੇ ਆ ਰਿਹਾ ਹੈ। ਜਿਨ੍ਹਾਂ ਨੇ ਨੌਕਰੀ ਦੇ ਲਈ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਨੂੰ ਵੀ ਖੁਸ਼ੀ ਵਾਲੀ ਖ਼ਬਰ ਮਿਲੇਗੀ। ਮਨੋਰੰਜਨ ਦੇ ਮੌਕੇ ਵੀ ਮਿਲਣਗੇ। ਮਾਣ-ਸਨਮਾਨ 'ਚ ਵਾਧਾ ਹੋਵੇਗਾ। ਇਹ ਹਫ਼ਤਾ ਤੁਹਾਡੇ ਲਈ ਖੁਸ਼ੀਆਂ ਵਾਲਾ ਰਹੇਗਾ।

ਕੰਨਿਆ (24 ਅਗਸਤ ਤੋਂ 23 ਸਤੰਬਰ)
ਕਿਸੇ ਨਾਲ ਜੇ ਕੋਈ ਨਵਾਂ ਕੰਮ ਸਾਂਝੇਦਾਰੀ ਵਿੱਚ ਸ਼ੁਰੂ ਕਰਨ ਜਾ ਰਹੇ ਹੋ ਤਾਂ ਅਜੇ ਕੰਮ ਸ਼ੁਰੂ ਨਾ ਕਰੋ ਕਿਉਂਕਿ ਇਹ ਸਾਂਝੇਦਾਰੀ ਅੱਗੇ ਜਾ ਕੇ ਤੁਹਾਡੇ ਲਈ ਮੁਸੀਬਤ ਬਣ ਸਕਦੀ ਹੈ। ਦਫ਼ਤਰ ਵਿੱਚ ਵੀ ਤੇ